ੴ ਸਤਿਗੁਰ ਪ੍ਰਸਾਦਿ ॥

# ਸਿਆਹੀ ਕੀ ਬਿਧਿ

ਪੁਰਾਤਨ ਸਮੇਂ ਤੋਂ ਹੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਨੂੰ ਸੁਰੱਖਿਅਤ ਰੱਖਣ ਲਈ ਗੁਰਸਿੱਖ ਲਿਖਾਰੀਆਂ ਨੇ ਮੂਲ ਬਾਣੀ ਦਾ ਇੰਨ-ਬਿੰਨ ਉਤਾਰਾ ਕਰਦੇ ਹੋਏ ਆਪਣੇ ਹੱਥਾਂ ਨਾਲ ਕਈ ਬੀੜਾਂ ਲਿਖੀਆਂ । ਬਾਣੀ ਲਿਖਣ ਲਈ ਇੱਕ ਖ਼ਾਸ ਕਿਸਮ ਨਾਲ ਸਿਆਹੀ ਤਿਆਰ ਕੀਤੀ ਜਾਂਦੀ ਤਾਂ ਕਿ ਉਹ ਚਿਰ ਸਥਾਈ ਸਮੇਂ ਤੀਕ ਕਾਇਮ ਰਹਿ ਸਕੇ । ਅਜੋਕੇ ਸਮੇਂ ਦੇ ਸਿੱਖਾਂ ਨੂੰ ਉਸ ਪੁਰਾਤਨ ਸਮੇਂ ਦੇ ਗੁਰਸਿੱਖ ਵਿਦਵਾਨਾਂ ਦਾ ਰੋਮ-ਰੋਮ ਕਰਕੇ ਸ਼ੁਕਰਾਨਾਂ ਤੇ ਰਿਣੀ ਹੋਣਾ ਚਾਹੀਦਾ ਹੈ । ਜਿਨਾਂ ਨੇ ਜੰਗਾਂ, ਯੁੱਧਾਂ ਤੇ ਘੱਲੂਘਾਰਿਆਂ ਦੇ ਬਾਵਜੂਦ ਵੀ ਸਤਿਗੁਰੂ ਦੇ ਇਲਾਹੀ ਫੁਰਮਾਨ ਨੂੰ ਆਉਣ ਵਾਲੀਆਂ ਪੀੜੀਆਂ ਲਈ ਬਚਾਈ ਰੱਖਣ ਵਿੱਚ ਅਹਿਮ ਸੇਵਾ ਨਿਭਾਈ ।



*ਸੰਨ 1714 A.D. ਵਿੱਚ ਲਿਖੀ ਗਈ ਬੀੜ ਦੇ ਸਮਾਪਤੀ ਪੰਨੇ ਦਾ ਦਰਸ਼ਨ*

ਇਸ ਆਖਰੀ ਪੰਨੇ ਦੀ ਤਸਵੀਰ ਵਿਚ ਰਾਗ ਮਾਲਾ ਦੀ ਸਮਾਪਤੀ 'ਤੇ ਸਿਆਹੀ ਬਣਾਉਣ ਦੀ ਬਿਧੀ ਦਾ ਉਲੇਖ ਦਰਜ਼ ਹੈ ਤਾਂ ਕਿ ਭਵਿੱਖ ਵਿੱਚ ਜੇਕਰ ਕਿਸੇ ਲਿਖਾਰੀ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦਾ ਉਤਾਰਾ ਕਰਨਾ ਹੋਵੇ ਤਾਂ ਸਿਆਹੀ ਇਸ ਪ੍ਰਕਾਰ ਬਣਾ ਲਵੇ । ਧਿਆਨ ਦੇਣ ਵਾਲੀ ਗੱਲ ਹੈ ਕਿ 1714 ਵਿੱਚ ਲਿਖੀ ਗਈ ਬਾਣੀ ਅੱਜ ਵੀ ਸਾਫ਼-ਸਾਫ਼ ਪੜ੍ਹੀ ਜਾ ਸਕਦੀ ਹੈ ਜਦੋਂ ਕਿ ਪੰਨਿਆਂ ਨੂੰ ਗੌਰ ਨਾਲ ਦੇਖਿਆ ਜਾਵੇ ਤਾਂ ਪੰਨਿਆਂ ਦੇ ਰੰਗ ਅਤੇ ਕਿਨਾਰਿਆਂ ਉੱਪਰ ਸਮੇਂ ਦਾਂ ਅਸਰ ਦਿਖਾਈ ਦੇ ਰਿਹਾ ਹੈ । ਆਓ ਸਿਆਹੀ ਬਣਾਉਣ ਦੀ ਬਿਧੀ ਵਾਰੇ ਜਾਣੀਏ :-



॥ ਸਿਆਹੀ ਕੀ ਬਿਧਿ

ਸਿਰਸਾਹੀ[1] ੧ ਕਜਲ ਵਜਨ[2] ॥ ਬੋਲੁ[3] ੨, ਦੁਇ ਗੂੰਦ ਕਿਕਰੋ[4] ਕਾ, ਇਕ ਰਤੀ[5] ਲਾਜਵਰਦ[6] ॥ ਇੱਕ ਰਤੀ ਸੁਇਨਾ ॥ [*]
ਬਿਜੈਸਾਰ[7] ਕਾ ਪਾਣੀ, ਤਾਮੇ[8] ਕਾ ਭਾਂਡਾ, ਨਿੰਮ ਕੀ ਲਕੜੀ[#], ਦੂਰ ਕਾ ਕਜਲੁ, ਦਿਨ ਵੀਹ ਘਸਣੀ, ਰਵਾਲ ਰੱਖਣੀ[9] ॥

---

1. *ਸਿਰਸਾਹੀ:* ਤੋਲਣ ਦੀ ਇੱਕ ਇਕਾਈ , ਇੱਕ ਸਿਰਸਾਹੀ ਜਾਂ ਸਰਸਾਹੀ 2 ਤੋਲੇ (ਤਕਰੀਬਨ 20 ਗ੍ਰਾਮ) ਦੀ ਹੁੰਦੀ ਹੈ
2. *ਕਜਲ:* ਸਿਆਹੀ ਬਣਾਉਣ ਲਈ ਵਰਤਿਆ ਜਾਂਦਾ ਅਹਿਮ ਤੱਤ (ਕਜਲ ਵਜਨ 1 ਸਿਰਸਾਹੀ ਦਾ ਅਰਥ 20 ਗ੍ਰਾਮ ਕੱਜਲ ਲੈਣਾ)
3. *ਬੋਲੁ:* ਇਸ ਦਾ ਦੂਸਰਾ ਨਾਮ ਮਸਿਵਰਧਨ ਵੀ ਹੈ ਅਤੇ ਵੈਦ ਇਸ ਨੂੰ ਪੇਟ ਦੀਆਂ ਬਿਮਾਰੀਆਂ ਦੇ ਇਲਾਜ ਵਜੋਂ ਵੀ ਵਰਤਦੇ ਸਨ। (ਬੋਲੁ 2 ਦਾ ਅਰਥ ਮਸਿਵਰਧਨ ਨੂੰ 2 ਸਰਸਾਹੀ ਭਾਵ 40 ਗ੍ਰਾਮ ਲੈਣਾ ਹੈ)
4. *ਕਿੱਕਰ ਦਾ ਗੂੰਦ:* ਸਿਆਹੀ ਦੀ ਤਾਕਤ/ਪਕੜ ਨੂੰ ਮਜਬੂਤ ਤੇ ਗਾੜ੍ਹਾ ਕਰਨ ਲਈ ਕਿੱਕਰ ਦੇ ਦਰੱਖਤ ਵਿੱਚੋਂ ਨਿਕਲਣ ਵਾਲੇ ਲੇਸਦਾਰ ਰਸ ਨੂੰ ਇਕੱਤਰ ਕਰਕੇ ਸਿਆਹੀ ਵਿੱਚ ਮਿਲਾਇਆ ਜਾਂਦਾ ਸੀ (ਦੁਇ ਦਾ ਅਰਥ ਹੈ ਕਿ 2 ਸਰਸਾਹੀ ਜਾਂ 40 ਗ੍ਰਾਮ )
5. *ਇਕ ਰਤੀ:* ਉਸ ਸਮੇਂ ਦੀ ਤੋਲਣ ਦੀ ਇਕਾਈ, ਅੱਠ ਖ਼ਸਖ਼ਸ ਦੇ ਦਾਣਿਆਂ ਦੇ ਭਾਰ ਨੂੰ ਰਾਈ ਕਹਿੰਦੇ ਸਨ, ਚਾਰ ਰਾਈ ਦਾ ਇੱਕ ਚਾਵਲ ਮੰਨਿਆ ਗਿਆ ਹੈ ਤੇ ਅੱਠ ਚਾਵਲ ਦੀ ਇੱਕ ਰੱਤੀ ਮੰਨੀ ਜਾਂਦੀ ਸੀ। ਇੱਕ ਤੋਲੇ ਦਾ 96ਵਾਂ ਹਿੱਸਾ ਇੱਕ ਰੱਤੀ ਬਣਦਾ ਹੈ।
6. *ਲਾਜਵਰਦ:* ਜੰਗਾਲੀ ਰੰਗ ਦਾ ਇੱਕ ਕੀਮਤੀ ਪੱਥਰ ਜਿਸ ਨੂੰ ਅਨੇਕਾ ਦਵਾਈਆਂ ਵਿੱਚ ਵੀ ਵਰਤਦੇ ਸਨ ਇਸ ਦਾ ਹੋਰ ਨਾਮ ਰਾਜਵਰੰ ਵੀ ਹੈ ਅਤੇ 'ਗੰਧਕ ਦੇ ਮੇਲ ਦੇ ਨੀਲ' ਨੂੰ ਵੀ ਕਹਿੰਦੇ ਹਨ।
7. *ਬਿਜੈਸਾਰ:* ਵਿਜਯਸਾਰ, ਮਸਿਰਾਜ, ਇੱਕ ਪੌਦਾ ਜੋ ਕਿ ਬਰਸਾਤ ਦੇ ਦਿਨਾਂ ਵਿੱਚ ਹੁੰਦਾ ਹੈ। ਇਸ ਦੇ ਰਸ ਨੂੰ ਸਿਆਹੀ ਬਣਾਉਣ ਲਈ ਪਾਇਆ ਜਾਂਦਾ ਸੀ। ਇਸਦਾ ਹੋਰ ਨਾਉਂ ਭੰਗਰਾ ਤੇ ਭ੍ਰਿੰਗਰਾਜ ਵੀ ਹਨ ਪੁਰਾਣੇ ਵੈਦ/ਹਕੀਮ ਇਸਦੇ ਜੜ੍ਹ ਤੇ ਪੱਤਿਆ ਦਾ ਰਸ ਨਿਕਾਲ ਕੇ ਉਸ ਰੋਗੀ ਨੂੰ ਦਿੰਦੇ ਸਨ ਜਿਸ ਦੇ ਵਾਲ ਉਮਰ ਤੋਂ ਪਹਿਲਾ ਹੀ ਸਫੈਦ ਹੋਣ ਲੱਗ ਪੈਂਦੇ ਸਨ, ਇਸ ਦੇ ਸੇਵਨ (ਰਸ ਪੀਣ ਨਾਲ) ਵਾਲ ਕਾਲੇ ਰਹਿੰਦੇ ਸਨ।
8. *ਤਾਮੇ ਕਾ ਭਾਂਡਾ:* ਤਾਂਬੇ ਦਾ ਬਰਤਨ , ਰਸਾਇਣਕ ਤੌਰ 'ਤੇ ਤਾਂਬਾ ਆਕਸੀਜਨ ਨਾਲ ਕਿਰਿਆ ਕਰਕੇ ਕਾਲ਼ੇ ਰੰਗ ਦੇ ਤੱਤ ਦਾ ਨਿਰਮਾਣ ਕਰਦਾ ਹੈ ਅਤੇ ਸਿਆਹੀ ਵਿੱਚ ਮੌਜੂਦ ਰਸ ਭਾਵ ਆਕਸੀਜਨ ਦੇ ਨਾਲ ਕਿਰਿਆ ਕਰਕੇ ਉਸ ਨੂੰ ਹੋਰ ਵਧੇਰੇ ਕਾਲ਼ਾ ਬਣਾ ਦਿੰਦਾ ਹੈ।
9. ਵੀਹ ਦਿਨ ਸਿਆਹੀ ਨੂੰ ਇਹਨਾ ਸਭ ਤੱਤਾਂ ਦੇ ਮੇਲ ਅਤੇ ਨਿੰਮ ਦੀ ਲੱਕੜੀ ਨਾਲ ਰਗੜਨ ਤੋਂ ਬਾਅਦ ਸਿਆਹੀ ਵਾਲੀ ਚੱਪਣੀ ਖੁਰਚਣੀ ਨਹੀਂ ਕੇਵਲ ਫੁੱਲ ਉਤਾਰ ਲੈਣਾ।

---

** ਸੁਇਨੇ ਦਾ ਅਰਥ ਹੈ ਸੋਨਾ: ਸਿਆਹੀ ਬਣਾਉਣ ਲਈ ਉਸ ਵਿੱਚ ਬਰੀਕ ਪੀਸਿਆਂ ਹੋਇਆ ਸੋਨਾ ਵੀ ਮਿਲਾਇਆ ਜਾਂਦਾ, ਕਿਹਾ ਜਾਂਦਾ ਹੈ ਇਸ ਪ੍ਰਕਾਰ ਸੋਨੇ ਦੇ ਕਣ ਅੱਖਰਾਂ ਨੂੰ ਚਮਕਾਉਂਦੇ ਕਿ ਰਾਤ ਦੇ ਸਮੇਂ ਥੋੜੀ ਜਿਹੀ ਦੀਵੇ ਦੀ ਰੌਸਨੀ ਵਿੱਚ ਵੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪੜ੍ਹੀ ਜਾ ਸਕਦੀ ਸੀ ਅਤੇ ਰਾਤ ਨੂੰ ਜਦੋਂ ਚੰਦਰਮਾਂ ਚਮਕਦਾ ਸੀ ਉਸ ਸਮੇਂ ਸੋਨੇ ਦੇ ਕਣ ਰੌਸਨੀ ਨੂੰ ਪਰਵਰਤਿਤ(ਰਿਫਲੈਕਟ ਕਰਦੇ) ਅਤੇ ਚਾਂਦਨੀ ਰਾਤ 'ਚ ਵੀ ਗੁਰਬਾਣੀ ਦਾ ਪਾਠ ਕਰਨਾ ਸੰਭਵ ਹੁੰਦਾ ਸੀ।*

*# ਨਿੰਮ ਦੀ ਲੱਕੜ ਵਿੱਚ ਕੁਦਰਤੀ ਰੂਪ ਵਿੱਚ ਅਜਿਹਾ ਰਸਾਇਣ ਹੁੰਦਾ ਹੈ ਜੋ ਕਾਗਜ਼ ਵਗੈਰਾ ਖਾਣ ਵਾਲੇ ਛੋਟੇ ਕੀਟਾਂ ਨੂੰ ਦੂਰ ਰੱਖਦਾ ਹੈ ਭਾਵ ਉਸ ਸਮੇਂ ਦੀਆਂ ਬੀੜਾਂ ਅੱਜ ਤੀਕ ਸੁਰੱਖਿਅਤ ਹਨ।*

